# ਜਨਤਕ ਸੂਚਨਾ

**ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ ਵੱਲੋਂ ਇਨਕਲੂਸਿਵ ਐਜੂਕੇਸ਼ਨ ਡਿਸਏਬਿਲਿ ਸੈਕੰਡਰੀ ਸਟੇਜ ਸਕੀਮ ਅਧੀਨ ਨਿਮਨਲਿਖਤ ਅਸਾਮੀਆਂ ਕੰਟਰੈਕਟ ਬੇਸਿਜ਼ ਤੇ ਭਰਨ ਲਈ ਦਰਖਾਸਤਾਂ ਦੀ ਮੰਗ ਕੀਤੀ ਜਾਂਦੀ ਹੈ :-**

| ਲੜੀ ਨੰ: | ਅਸਾਮੀ ਦਾ ਨਾਂ | ਬੱਝਵੀ ਮਾਸਿਕ ਤਨਖਾਹ | ਵਿੱਦਿਅਕ ਯੋਗਤਾਵਾਂ | ਅਸਾਮੀਆਂ ਦੀ ਗਿਣਤੀ |
|---|---|---|---|---|
| 1. | ਡਿਪਟੀ ਡਾਇਰੈਕਟਰ (ਹੈਡ ਕੁਆਟਰ) | 20000/- | ਉਮੀਦਵਾਰ ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ , ਭਲਾਈ ਵਿਭਾਗ, ਸਮਾਜਿਕ ਸੁਰੱਖਿਆ ਅਤੇ ਇਸਤ੍ਰੀ ਤੇ ਬਾਲ ਵਿਕਾਸ ਵਿਭਾਗ ਜਾਂ ਯੋਜਨਾ ਵਿਭਾਗ ਵਿੱਚੋਂ ਡਿਪਟੀ ਡਾਇਰੈਕਟਰ ਵਜੋਂ ਰਿਟਾਇਰ ਹੋਇਆ ਹੋਵੇ ਅਤੇ ਉਸ ਕੋਲ ਕੇਂਦਰੀ ਪ੍ਰਾਯੋਜਿਤ ਸਕੀਮਾਂ ਨਾਲ ਡੀਲ ਕਰਨ ਦਾ ਤਜਰਬਾ ਹੋਵੇ ਉਸ ਕੋਲ ਅਰਥ ਸ਼ਾਸਤਰ, ਮਨੋਵਿਗਿਆਨ, ਸਮਾਜ ਸ਼ਾਸਤਰ ਜਾਂ ਅੰਕੜਾ ਵਿਗਿਆਨ ਵਿੱਚ ਪੋਸਟ ਗਰੈਜੂਏਟ ਡਿਗਰੀ ਹੋਵੇ । | 1 |
| 2 | ਰਿਸੋਰਸ ਟੀਚਰਜ਼ | 10000/- ਮਾਸਿਕ+ 1000/- ਮਾਸਿਕ ਬੱਝਵਾਂ ਟੀ.ਏ. | ਗਰੈਜੂਏਟ ਅਤੇ ਬੀ.ਐਡ ਸਪੈਸ਼ਲ ਐਜੂਕੇਸ਼ਨ ਜਾਂ ਬੀ.ਐਡ ਜਨਰਲ ਦੇ ਨਾਲ ਦੋ ਸਾਲ ਦਾ ਸਪੈਸ਼ਲ ਐਜੂਕੇਸ਼ਨ ਵਿੱਚ ਡਿਪਲੋਮਾ<br>ਜਾਂ<br>ਸੰਬੰਧਤ ਵਿਸ਼ੇ ਵਿੱਚ ਪੋਸਟ ਗਰੈਜੂਏਟ ਅਤੇ ਬੀ.ਐਡ ਸਪੈਸ਼ਲ ਐਜੂਕੇਸ਼ਨ ਜਾਂ ਬੀ.ਐਡ ਜਨਰਲ ਦੇ ਨਾਲ ਦੋ ਸਾਲ ਦਾ ਸਪੈਸ਼ਲ ਐਜੂਕੇਸ਼ਨ ਵਿੱਚ ਡਿਪਲੋਮਾ । | 750 |
| 3. | ਕੋ-ਆਰਡੀਨੇਟਰ (ਹੈਡ ਕੁਆਟਰ) | 15000/- | ਉਮੀਦਵਾਰ ਨੇ ਗਰੈਜੂਏਸ਼ਨ ਨਾਲ ਡਿਪਲੋਮਾ ਇਨ ਸਪੈਸ਼ਲ ਐਜੂਕੇਸ਼ਨ ਕੀਤਾ ਹੋਵੇ ਅਤੇ ਉਸ ਕੋਲ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੇ ਕੰਮ ਦਾ 3 ਸਾਲ ਦਾ ਤਜਰਬਾ ਹੋਵੇ। | 1 |
| 4. | ਅਸਿਸਟੈਂਟ-ਕਮ-ਡੈਟਾ ਐਂਟਰੀ ਓਪਰੇਟਰ (ਐਲ.ਡੀ.ਸੀ) ਹੈਡ ਕੁਆਟਰ | 7500/- | ਬੀ.ਏ + ਇੱਕ ਸਾਲ ਦਾ ਕੰਪਿਊਟਰ ਕੋਰਸ ਕੀਤਾ ਹੋਵੇ। ਇਸ ਦਫਤਰ ਵੱਲੋਂ ਲਿਆ ਜਾਣ ਵਾਲਾ ਕੰਪਿਊਟਰ ਟਾਈਪਿੰਗ ਦਾ ਟੈਸਟ ਪਾਸ ਕਰਨਾ ਪਵੇਗਾ। | 1 |
| 5. | ਸਟੈਨੋਗਰਾਫਰ (ਹੈਡ ਕੁਆਟਰ) | 7500/- | ਗਰੈਜੂਏਟ+ ਸਟੈਨੋਗਰਾਫੀ ਦਾ ਇੰਗਲਿਸ਼ ਪੰਜਾਬੀ ਦਾ ਡਿਪਲੋਮਾ ਹੋਵੇ ਅਤੇ ਇਸ ਦਫਤਰ ਵੱਲੋਂ ਲਿਆ ਜਾਣ ਵਾਲਾ ਅੰਗਰੇਜ਼ੀ ਪੰਜਾਬੀ ਸ਼ਾਰਟਹੈਂਡ /ਕੰਪਿਊਟਰ ਟਾਈਪਿੰਗ ਦਾ ਟੈਸਟ ਪਾਸ ਕਰਨਾ ਪਵੇਗਾ। | 1 |

- ਅਰਜ਼ੀਆਂ ਭੇਜਣ ਦੀ ਆਖਰੀ ਮਿਤੀ 11.10.2010 ਹੈ ।
- ਅਸਾਮੀਆਂ ਦੀ ਗਿਣਤੀ ਘਟ ਵਧ ਸਕਦੀ ਹੈ।
- ਉਡੀਕ ਸੂਚੀ ਦੀ ਮਿਆਦ ਵਿਗਿਆਪਨ ਦੀ ਮਿਤੀ ਤੋ ਅਗਲੇ 6 ਮਹੀਨੀਆਂ ਤੱਕ ਰਹੇਗੀ।
- ਬਿਨੈਪੱਤਰ ਦਾ ਪ੍ਰੋਫਾਰਮਾ ਅਤੇ ਸ਼ਰਤਾ ਵਿਭਾਗ ਦੀ ਵੈਬਸਾਈਟ www.ssapunjab.org ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ**

- **ਅਸਾਮੀਆਂ ਦੀ ਗਿਣਤੀ ਲੋੜ ਅਨੁਸਾਰ ਘਟ ਜਾਂ ਵਧ ਸਕਦੀ ਹੈ।**
- **ਉਮੀਦਵਾਰ ਸਾਫ ਤੌਰ ਤੇ ਲਿਖਣ ਕਿ ਉਨ੍ਹਾਂ ਨੇ ਵਿੱਦਿਅਕ ਯੋਗਤ ਕਿਸ ਤਰਾਂ ਪ੍ਰਾਪਤ ਕੀਤੀ ਹੈ ਅਰਥਾਤ ਰੈਗੁਲਰ ਉਮੀਦਵਾਰ ਵਜੋਂ/ਪ੍ਰਾਈਵੇਟ ਉਮੀਦਵਾਰ ਵਜੋਂ ਜਾਂ ਡਾਕ ਸਿੱਖਿਆ ਪ੍ਰਣਾਲੀ ਰਾਹੀਂ।**
- **ਤਜਰਬੇ ਦੇ ਵੱਖਰੇ ਅੰਕ ਦਿੱਤੇ ਜਾਣਗੇ।**

**ਆਮ ਸ਼ਰਤਾਂ :-**

ਸਾਰੀਆਂ ਅਸਾਮੀਆਂ ਮੁਢਲੇ ਤੌਰ ਇੱਕ ਸਾਲ ਕੰਟਰੈਕਟ ਬੇਸਿਜ਼ ਤੇ ਭਰੀਆਂ ਜਾਣੀਆਂ ਹਨ। ਕਾਰ-ਗੁਜ਼ਾਰੀ ਅਤੇ ਪ੍ਰਾਪਤੀਆਂ ਦੇ ਆਧਾਰ ਤੇ ਕੰਟਰੈਕਟ ਵਿੱਚ ਵਾਧਾ ਕੀਤਾ ਜਾ ਸਕਦਾ ਹੈ । ਕੰਟਰੈਕਟ ਵਿੱਚ ਸਫਲ ਵਾਧਾ ਕੀਤੇ ਜਾਣ ਤੇ ਤਨਖਾਹ ਵਿੱਚ ਵੀ ਵਾਧਾ ਕੀਤਾ ਜਾਵੇਗਾ।

(i) ਉਮੀਦਵਾਰਾਂ ਲਈ ਮੈਟ੍ਰਿਕ ਪੱਧਰ ਦਾ ਪੰਜਾਬੀ ਦਾ ਗਿਆਨ ਲਾਜ਼ਮੀ ਹੈ।

(ii) ਵਿੱਦਿਅਕ ਯੋਗਤਾ ਸਰਕਾਰ ਵੱਲੋਂ ਮਾਨਤਾ ਪ੍ਰਾਪਤ ਯੂਨੀਵਰਸਿਟੀ/ਬੋਰਡ/ ਸੰਸਥਾ ਤੋਂ ਹਾਸਲ ਕੀਤੀ ਹੋਣੀ ਚਾਹੀਦੀ ਹੈ ।।

(iii) ਨਿਰਧਾਰਤ ਵਿੱਦਿਅਕ ਯੋਗਤਾ ਦੀ ਸ਼ਰਤਾ ਮੁਢਲੀ ਸ਼ਰਤ ਹੈ ਲੇਕਿਨ ਕੇਵਲ ਵਿੱਦਿਅਕ ਯੋਗਤਾ ਹੋਣ ਨਾਲ ਹੀ ਕਿਸੇ ਉਮੀਦਵਾਰ ਦਾ ਇੰਟਰਵਿਊ ਲਈ ਅਧਿਕਾਰ ਨਹੀਂ ਬਣ ਜਾਵੇਗਾ। ਜੇਕਰ ਵਿਗਿਆਪਨ ਦੇ ਉਤਰ ਵਿੱਚ ਜ਼ਿਆਦਾ ਅਰਜ਼ੀਆਂ ਪ੍ਰਾਪਤ ਹੁੰਦੀਆਂ ਹਨ ਤਾਂ ਸਿਲੈਕਸ਼ਨ ਕਮੇਟੀ ਇੰਟਰਵਿਊ ਲਈ ਸੱਦੇ ਜਾਣ ਵਾਲੇ ਉਮੀਦਵਾਰਾਂ ਦੀ ਗਿਣਤੀ ਨੂੰ ਯੋਗਤਾ ਅਤੇ ਤਜਰਬੇ ਦੇ ਆਧਾਰ ਤੇ ਘਟਾ ਸਕਦੀ ਹੈ।

(iv) ਲੜੀ ਨੰ: 2 ਤੇ ਜ਼ਿਕਰ ਕੀਤੇ ਉਮੀਦਵਾਰ ਦੀ ਉਮਰ 1.9.2010 ਨੂੰ 40 ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ ਅਤੇ ਲੜੀ ਨੰ:3,4 ਅਤੇ 5 ਤੇ ਜ਼ਿਕਰ ਕੀਤੀਆਂ ਅਸਾਮੀਆਂ ਲਈ ਉਮੀਦਵਾਰਾਂ ਦੀ ਉਮਰ 1.9.2010 ਨੂੰ 35 ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ

(v) ਦਰਖਾਸਤਾਂ ਦੋ ਪਾਸਪੋਰਟ ਸਾਈਜ਼ ਫੋਟੋ ਸਮੇਤ ਨਿਰਧਾਰਤ ਪ੍ਰੋਫਾਰਮੇ ਵਿੱਚ ਦਿੱਤੀਆਂ ਜਾਣ। ਅਖਬਾਰ ਵਿੱਚ ਦਿੱਤੇ ਪ੍ਰੋਫਾਰਮੇ ਦੀ ਫੋਟੋ ਕਾਪੀ ਪ੍ਰਵਾਨ ਨਹੀਂ ਕੀਤੀ ਜਾਵੇਗੀ।

(vi) ਨਿਯੁਕਤੀ ਦੀ ਸੂਰਤ ਵਿੱਚ ਜ਼ਿਲੇ ਸੰਬੰਧੀ ਇੱਕ ਵਾਰ ਦਿੱਤੀ ਗਈ ਆਪਸ਼ਨ ਬਦਲਣ ਦੀ ਆਗਿਆ ਨਹੀਂ ਹੋਵੇਗੀ। ਅਸਾਮੀਆਂ ਬਿਲਕੁਲ ਆਰਜ਼ੀ ਹਨ।।

(vii) ਸੰਬੰਧਤ ਜ਼ਿਲੇ ਦੇ ਉਮੀਦਵਾਰ ਨੂੰ ਤਰਜੀਹ ਦਿੱਤੀ ਜਾਵੇਗੀ (ਰਿਹਾਇਸ਼ ਦਾ ਤਾਜ਼ਾ ਸਬੂਤ ਨੱਥੀ ਕੀਤਾ ਜਾਵੇ)।

(viii) ਦਰਖਾਸਤ ਦੇ ਨਾਲ ਜਨਮ ਮਿਤੀ, ਵਿੱਦਿਅਕ ਯੋਗਤਾ, ਰਿਹਾਇਸ਼ ਅਤੇ ਮੈਟ੍ਰਿਕ ਪੰਜਾਬੀ ਦੇ ਸਬੂਤ ਵਜੋਂ ਸਰਟੀਫਿਕੇਟਾਂ ਦੀਆਂ ਤਸਦੀਕ-ਸ਼ੁਦਾ ਕਾਪੀਆਂ ਨੱਥੀ ਕੀਤੀਆਂ ਜਾਣ। ਅਧੂਰੀਆਂ ਅਰਜ਼ੀਆ ਉਤੇ ਵਿਚਾਰ ਨਹੀਂ ਕੀਤੀ ਜਾਵੇਗੀ।

(ix) ਅਸਾਮੀਆਂ ਲਈ ਪਾਤਰਤਾ ਅਤੇ ਉਮੀਦਵਾਰਾਂ ਦੀ ਪਾਤਰਤਾ ਸੰਬੰਧੀ ਸ਼ਰਤਾਂ ਦੇ ਸੰਬੰਧ ਵਿੱਚ ਸੋਸਾਈਟੀ ਦਾ ਨਿਰਣਾ ਅੰਤਿਮ ਅਤੇ ਮੰਨਣਯੋਗ ਹੋਵੇਗਾ ਇਸ ਸੰਬੰਧ ਵਿੱਚ ਕਿਸੇ ਪੱਤਰ ਵਿਹਾਰ ਦੀ ਆਗਿਆ ਨਹੀਂ ਹੋਵੇਗੀ।

(x) ਦਰਖਾਸਤਾਂ ਨਾਲ 250/-ਰੁ: ਦਾ ਬੈਂਕ ਡਰਾਫਟ ( ਅਨੁਸੂਚਿਤ ਜਾਤੀਆਂ ਲਈ 125/- ਰੁ: ) ਜਿਹੜਾ ਕਿ ਨਾ-ਮੋੜਨਯੋਗ ਹੈ, ਨੱਥੀ ਕੀਤਾ ਜਾਵੇ। ਇਹ ਡਰਾਫਟ **' ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ'** ਦੇ ਹੱਕ ਵਿੱਚ ਭੇਜਿਆ ਜਾਵੇ ਜਿਹੜਾ ਕਿ ਚੰਡੀਗੜ੍ਹ ਵਿਖੇ ਅਦਾਇਗੀ ਯੋਗ ਹੋਣਾ ਚਾਹੀਦਾ ਹੈ।।

ਅਧੂਰੀਆਂ ਦਰਖਾਸਤਾਂ ਉਤੇ ਵਿਚਾਰ ਨਹੀਂ ਕੀਤੀ ਜਾਵੇਗੀ। ਚਾਹਵਾਨ ਉਮੀਦਵਾਰ ਸਰਟੀਫਿਕੇਟਾਂ ਦੀਆਂ ਤਸਦੀਕ-ਸ਼ੁਦਾ ਕਾਪੀਆਂ ਨਾਲ ਹੇਠ ਦਿੱਤੇ ਫਾਰਮੈਟ ਵਿੱਚ ਦਰਖਾਸਤਾਂ ਭੇਜ ਸਕਦੇ ਹਨ ( 12 × 8 ਦੇ ਆਕਾਰ ਦੇ ਲਿਫਾਫੇ ਦੀ ਵਰਤੋਂ ਕੀਤੀ ਜਾਵੇ )

ਸਾਰੀਆਂ ਅਰਜ਼ੀਆਂ ਨਿਰਧਾਰਤ ਪ੍ਰੋਫਾਰਮੇ ਵਿੱਚ ਮਿਤੀ 11.10.2010 ਸ਼ਾਮ 5.00 ਤੱਕ ਉਪਰੋਕਤ ਦਿੱਤੇ ਐਡਰੈਸ ਤੇ ਪੁੱਜ ਜਾਣੀਆਂ ਚਾਹੀਦੀਆਂ ਹਨ। ਨਿਰਧਾਰਤ ਮਿਤੀ ਤੋਂ ਬਾਅਦ ਪੁੱਜੀਆਂ ਅਰਜ਼ੀਆਂ ਉਤੇ ਵਿਚਾਰ ਨਹੀਂ ਕੀਤੀ ਜਾਵੇਗੀ।

## <u>ਅਰਜ਼ੀ ਦਾ ਪ੍ਰੋਫਾਰਮਾ</u>

ਇੱਥੇ ਪਾਸਪੋਰਟ ਸਾਈਜ਼ ਤਾਜ਼ਾ ਫੋਟੋ ਚਿਪਕਾਈ ਜਾਵੇ

**ਅਸਾਮੀ ਦਾ ਨਾਮ ਜਿਸ ਲਈ ਦਰਖਾਸਤ ਕੀਤੀ ਗਈ ਹੈ...............ਜ਼ਿਲਾ................ ਅਧੀਨ ਸੋਸਾਈਟੀ**
.............................

1. ਨਾਮ :

2. ਪਿਤਾ ਦਾ ਨਾਮ

3. ਜਨਮ ਮਿਤੀ

4. ਸਥਾਈ ਪਤਾ

5. ਯੋਗਤਾ:

| ਲੜੀ ਨੰ: | ਪਾਸ ਕੀਤਾ ਗਿਆ ਇਮਤਿਹਾਨ | ਯੂਨੀਵਰਸਿਟੀ/ਬੋਰਡ/ਸੰਸਥਾ | ਪਾਸ ਕਰਨ ਦਾ ਸਾਲ | ਅੰਕਾਂ ਦੀ ਪ੍ਰਤੀਸ਼ਤਤਾ |
|---|---|---|---|---|
| | | | | |
| | | | | |
| | | | | |
| | | | | |

( ਮੈਟ੍ਰਿਕ ਤੋਂ ਲੈਕੇ ਸਭ ਤੋਂ ਅਖੀਰਲੀ ਯੋਗਤਾ ਤੱਕ ਸਭ ਦਾ ਵੇਰਵਾ ਦਿੱਤਾ ਜਾਵੇ )

6. ਸੰਬੰਧਤ ਕੰਮ ਦਾ ਤਜਰਬਾ ____________________________________________

7. ਬੈਂਕ ਡਰਾਫਟ ਦਾ ਵੇਰਵਾ

| ਬੈਂਕ ਦਾ ਨਾਮ | ਡਰਾਫਟ ਨੰ: | ਰਾਸ਼ੀ | ਮਿਤੀ |
|---|---|---|---|
| | | | |

੮. ਜ਼ਿਲੇ ਦਾ ਨਾਮ ਜਿਸ ਨਾਲ ਉਮੀਦਵਾਰ ਸੰਬੰਧ ਰੱਖਦਾ ਹੈ

| | | |
|---|---|---|
| ੯. ਪੱਤਰ ਵਿਹਾਰ ਲਈ ਪਤਾ ( ਪੂਰਾ ਨਾਮ ਅਤੇ ਪਤਾ ਵੱਡੇ ਅੱਖਰਾਂ ਵਿੱਚ ਕੇਵਲ ਕਾਲੀ ਸਿਆਹੀ ਨਾਲ ਲਿਖਿਆ ਜਾਵੇ ) | ....................................<br>....................................<br>ਜ਼ਿਲਾ............................ ਪਿਨ ਕੋਡ.......................<br>ਫੋਨ ਨੰ: (ਐਸ.ਟੀ.ਡੀ ਕੋਡ ਸਮੇਤ).................ਮੋਬਾ: ਨੰ:.................<br>ਈ-ਮੇਲ ਐਡਰੈਸ..................................... | ਆਪਣੇ ਹਸਤਾਖਰਾਂ ਵਾਲੀ ਤਾਜ਼ਾ ਪਾਸਪੋਰਟ ਸਾਈਜ਼ ਫੋਟੋ ਇੱਥੇ ਚਿਪਕਾਈ ਜਾਵੇ (5 ਸੈਂ.ਮੀ × 7 ਸੈਂ:ਮੀ. ) |

ਘੋਸ਼ਣਾ : ਮੈਂ ਘੋਸ਼ਣਾ ਕਰਦਾ ਹਾਂ ਕਿ ਬਿਨੈ-ਪੱਤਰ ਵਿੱਚ ਦਿੱਤੇ ਗਏ ਸਾਰੇ ਵੇਰਵੇ ਮੇਰੇ ਵਿਸ਼ਵਾਸ ਅਤੇ ਜਾਣਕਾਰੀ ਅਨੁਸਾਰ ਸਹੀ ਹਨ। ਜੇਕਰ ਇਹ ਵੇਰਵੇ ਗਲਤ ਪਾਏ ਗਏ ਤਾਂ ਮੇਰੀ ਉਮੀਦਵਾਰੀ/ਨਿਯੁਕਤੀ ਬਿਨਾਂ ਕਿਸੇ ਨੋਟਿਸ ਤੋਂ ਰੱਦ ਕਰ ਦਿੱਤੀ ਜਾਵੇ ।

ਮਿਤੀ .................. ਹਸਤਾਖਰ

ਸਥਾਨ